## (34) Special Scheme For allottees of IFP Goindwal Sahib

### 34(a) Punjab Govt. Notification dated 21.07.2009

**Description:** ਗੋਇੰਦਵਾਲ ਉਦਯੋਗਿਕ ਕੰਪਲੈਕਸ ਦੀਆਂ ਸਨਅਤਾਂ ਨੂੰ ਬਚਾਉਣ ਅਤੇ ਮੁੜ ਵਸਾਉਣ ਲਈ।

**Decision**: ਪੰਜਾਬ ਦੇ ਰਾਜਪਾਲ ਗੋਇੰਦਵਾਲ ਉਦਯੋਗਿਕ ਕੰਪਲੈਕਸ ਦੀਆਂ ਸਨਅਤਾਂ ਨੂੰ ਬਚਾਉਣ ਅਤੇ ਮੁੜ ਵਸਾਉਣ ਲਈ ਪ੍ਰਸੰਨਤਾਪੂਰਵਕ ਹੇਠ ਲਿਖੀਆਂ ਸਹੂਲਤਾਂ ਦਿੰਦੇ ਹਨ:

1. ਗੋਇੰਦਵਾਲ ਸਾਹਿਬ ਵਿਖੇ, ਇਸ ਨੂੰ ਭਵਿੱਖ ਵਿੱਚ ਨਜੀਰ ਬਣਾਏ ਬਿਨਾਂ, ਉਦਯੋਗਿਕ ਪਲਾਟਾਂ ਦੀ ਬਕਾਇਆ ਰਹਿੰਦੀ ਵਧੀ ਹੋਈ ਕੀਮਤ 10% ਸਾਧਾਰਣ ਵਿਆਜ ਸਮੇਤ ਵਸੂਲ ਕੀਤੀ ਜਾਵੇਗੀ ਜਦੋਂ ਕਿ ਮਿਸ਼ਰਤ ਅਤੇ ਪੀਨਲ ਵਿਆਜ ਦੀ ਰਾਸ਼ੀ ਦੀ ਵਸੂਲੀ ਮਾਫ ਕਰ ਦਿੱਤੀ ਜਾਵੇਗੀ।
2. ਗੋਇੰਦਵਾਲ ਸਾਹਿਬ ਵਿਖੇ, ਇਸ ਨੂੰ ਭਵਿੱਖ ਵਿੱਚ ਨਜੀਰ ਬਣਾਏ ਬਿਨਾਂ, ਪਲਾਟ ਦੀ ਪਹਿਲਾਂ ਅਦਾ ਕੀਤੀ ਜਾ ਚੁੱਕੀ ਮੂਲ ਕੀਮਤ ਅਤੇ ਵਿਆਜ ਦੀ ਰਾਸ਼ੀ ਮੂਲ ਕੀਮਤ ਵਿੱਚ ਐਡਜਸਟ ਕਰਕੇ ਬਾਕੀ ਰਹਿੰਦੀ ਕੀਮਤ 10% ਸਲਾਨਾ ਸਾਧਾਰਣ ਵਿਆਜ ਸਮੇਤ ਵਸੂਲ ਕੀਤੀ ਜਾਵੇਗੀ ਅਤੇ ਮਿਸ਼ਰਤ ਅਤੇ ਪੀਨਲ ਵਿਆਜ ਦੀ ਰਾਸ਼ੀ ਮਾਫ ਕੀਤੀ ਜਾਵੇਗੀ |